National Research Journal of Social Sciences
Volume-11, Issue-1, January-June 2026
PP: 254-257

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ਼ ਬਹਾਦਰ ਜੀ: ਜੀਵਨ, ਰਚਨਾ ਅਤੇ ਸ਼ਹਾਦਤ

**ਰਮਨਦੀਪ ਕੌਰ**

ਸਹਾਇਕ ਪ੍ਰੋਫੈਸਰ

ਏ.ਐਸ.ਕਾਲਜ, ਖੰਨਾ

**ਸਾਰ:-**

ਦੁਨੀਆਂ ਵਿੱਚ ਅਜਿਹੇ ਰਹਿਬਰ ਬਹੁਤ ਘੱਟ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੇ ਹਿੱਤ ਵਿੱਚ ਆਪਣਾ ਆਪ ਕੁਰਬਾਨ ਕੀਤਾ ਹੋਵੇ। ਅਜਿਹੇ ਰਹਿਬਰ ਗੁਰੂ ਤੇਗ਼ ਬਹਾਦਰ ਜੀ ਜਿਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ ਦਿੱਤੀ। ਗੁਰੂ ਤੇਗ਼ ਬਹਾਦਰ ਜੀ 1664 ਈ. ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ। ਆਪ ਜੀ ਨੇ 15 ਰਾਗਾਂ ਵਿੱਚ 57 ਸ਼ਲੋਕ ਅਤੇ 59 ਸ਼ਬਦਾਂ ਦੀ ਰਚਨਾ ਕੀਤੀ। 1675 ਈ. ਵਿੱਚ ਕਸ਼ਮੀਰੀ ਪੰਡਤਾਂ ਦਾ ਕਾਫ਼ਲਾ ਆਨੰਦਪੁਰ ਸਾਹਿਬ ਦੀ ਧਰਤੀ ਤੇ ਆਣ ਪਹੁੰਚਿਆ। ਕਸ਼ਮੀਰੀ ਪੰਡਤਾਂ ਨੇ ਆਪਣੀ ਵਿਦਵਤਾ ਗੁਰੂ ਜੀ ਨੂੰ ਸੁਣਾਈ। ਬ੍ਰਾਹਮਣਾਂ ਦੀ ਫਰਿਆਦ ਸੁਣ ਕੇ ਸਾਰੇ ਗੰਭੀਰ ਵਿਚਾਰਾਂ ਵਿੱਚ ਲੀਨ ਹੋ ਗਏ। ਉਸ ਸਮੇਂ ਬਾਲ ਗੋਬਿੰਦ ਰਾਏ ਨੇ ਗੰਭੀਰ ਬੈਠੀ ਸੰਗਤ ਨੂੰ ਵੇਖ ਕੇ ਸੰਜੀਦਗੀ ਦਾ ਕਾਰਨ ਪੁੱਛਿਆ। ਗੁਰੂ ਪਿਤਾ ਨੇ ਹਿੰਦੂਆਂ 'ਤੇ ਮੁਸਲਮਾਨ ਦੁਆਰਾ ਕੀਤੀ ਜਾਂਦੀ ਜਬਰਦਸਤੀ ਦੀ ਵਿਥਿਆ ਸੁਣਾਈ ਤੇ ਬਚਨ ਕੀਤਾ ਕਿ ਬਚਾਅ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਲਾਜ਼ਮੀ ਹੈ। ਬਾਲ ਗੋਬਿੰਦ ਜੀ ਨੇ ਗੁਰੂ ਪਿਤਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਆਪ ਤੋਂ ਵੱਧ ਯੋਗ ਮਹਾਂਪੁਰਖ ਕੌਣ ਹੋ ਸਕਦਾ ਹੈ। ਗੁਰੂ ਸਾਹਿਬ ਪ੍ਰਸੰਨ ਹੋਏ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਸੂਬੇਦਾਰ ਨੂੰ ਕਹਿ ਦੇਣ ਕਿ ਉਹ ਧਰਮ ਛੱਡਣ ਲਈ ਤਿਆਰ ਹਨ, ਪਰ ਇੱਕ ਸ਼ਰਤ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਇਸਲਾਮ ਕਬੂਲਣ ਲਈ ਮਨਾ ਲੈਣ। ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਦਾ ਸੁਨੇਹਾ ਔਰੰਗਜ਼ੇਬ ਕੋਲ ਪਹੁੰਚਾ ਦਿੱਤਾ। ਬਾਦਸ਼ਾਹ ਨੇ ਤੁਰੰਤ ਗੁਰੂ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਦੇ ਦਿੱਤੇ। ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਜੀ ਨੂੰ 5 ਨਵੰਬਰ 1675 ਈ. ਵਿੱਚ ਦਿੱਲੀ ਭੇਜ ਦਿੱਤਾ। ਦਿੱਲੀ ਦੇ ਨਾਜ਼ਿਮ ਨੇ ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ, ਪਰ ਗੁਰੂ ਜੀ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਅਖੀਰ ਸ਼ਾਹੀ ਜੱਲਾਦ ਨੇ ਬਾਦਸ਼ਾਹ ਦੇ ਹੁਕਮ ਤੇ ਗੁਰੂ ਸਾਹਿਬ ਦਾ ਪਾਵਨ ਸੀਸ, ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧੜ ਤੋਂ ਅਲੱਗ ਕਰ ਦਿੱਤਾ। ਗੁਰੂ ਸਾਹਿਬ ਦੀ ਸ਼ਹਾਦਤ ਨੇ ਨਾਨਕ ਚਿੰਤਨ ਦੇ ਅਨੁਯਾਈਆਂ ਵਿੱਚ ਸ਼ਹਾਦਤ ਦੀ ਲਕੀਰ ਖਿੱਚ ਦਿੱਤੀ।

**ਮੁੱਖ ਸ਼ਬਦ:-** ਗੁਰਮਤਿ ਵਿਚਾਰਧਾਰਾ, ਗੁਰੂ ਦੀ ਪਹਿਚਾਣ, ਕਸ਼ਮੀਰੀ ਪੰਡਿਤਾਂ ਦੀ ਬੇਨਤੀ, ਗੁਰੂ ਜੀ ਦੀ ਸ਼ਹਾਦਤ।

ਦੁਨੀਆਂ ਵਿੱਚ ਅਜਿਹੇ ਰਹਿਬਰ ਬਹੁਤ ਘੱਟ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੇ ਹਿੱਤ ਵਿੱਚ ਆਪਣਾ ਆਪ ਕੁਰਬਾਨ ਕੀਤਾ ਹੋਵੇ। ਅਜਿਹੇ ਰਹਿਬਰ ਜਿਸਨੇ ਆਪਣੇ ਧਰਮ ਲਈ ਨਹੀਂ, ਸਗੋਂ ਦੂਜੇ ਧਰਮ ਦੀ ਆਜ਼ਾਦੀ ਅਤੇ ਰਾਖੀ ਲਈ ਕੁਰਬਾਨੀ ਦਿੱਤੀ ਹੋਵੇ। ਕੇਵਲ ਤੇ ਕੇਵਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹਿੰਦੂ ਧਰਮ ਦੀ ਆਜ਼ਾਦੀ ਅਤੇ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ। ਇਸੇ ਕਰਕੇ ਆਪ ਜੀ ਨੂੰ 'ਹਿੰਦ ਦੀ ਚਾਦਰ' ਕਹਿ ਕੇ ਵੀ ਸਨਮਾਨ ਦਿੱਤਾ ਜਾਂਦਾ ਹੈ। ਗੁਰੂ ਸਾਹਿਬ ਨੇ ਸ਼ਹਾਦਤ ਭਾਵੇਂ ਹਿੰਦੂ ਧਰਮ ਦੀ ਰਾਖੀ ਲਈ ਦਿੱਤੀ, ਪ੍ਰੰਤੂ ਆਪ ਜੀ ਦੀ ਸ਼ਹਾਦਤ ਤਾਂ ਸਮੁੱਚੀ ਲੋਕਾਈ ਦੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੀ। ਮਨੁੱਖਤਾ ਦੀ ਆਜ਼ਾਦੀ ਅਤੇ ਤਿਲਕ ਜੰਞੂ ਦੀ ਰੱਖਿਆ ਲਈ ਸ਼ਹਾਦਤ ਦੇਣ ਦੀ ਮਿਸਾਲ ਸਾਨੂੰ ਕਿਧਰੇ ਹੋਰ ਵੇਖਣ ਨੂੰ ਨਹੀਂ ਮਿਲਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿੱਤਰ ਨਾਟਕ ਵਿੱਚ ਫਰਮਾਉਂਦੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥

ਕੀਨੋ ਬਡੋ ਕਲੂ ਮਹਿ ਸਾਕਾ॥1

ਗੁਰੂ ਨਾਨਕ ਘਰ ਦੀ ਨੌਵੀਂ ਜੋਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼ ਛੇਵੇਂ ਗੁਰੂ ਸਾਹਿਬ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ 1 ਅਪ੍ਰੈਲ, 1621 ਈ. ਨੂੰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਅਤੇ ਆਪ ਜੀ ਦੀ ਪਰਵਰਿਸ਼ ਮਹਾਨ ਸਿੱਖ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿੱਚ ਹੋਈ। ਬਾਬਾ ਬੁੱਢਾ ਜੀ ਨੇ ਬਚਪਨ ਤੋਂ ਹੀ ਆਪ ਨੂੰ ਨਾਨਕ ਤੁਕ ਅਤੇ ਪਰਮਾਤਮਾ ਦੇ ਰਹੱਸ ਨਾਲ ਇੱਕ ਸੁਰ ਕੀਤਾ, ਉੱਥੇ ਹੀ ਭਾਈ ਗੁਰਦਾਸ ਜੀ ਨੇ ਆਪ ਨੂੰ ਵੱਖ-ਵੱਖ ਧਰਮਾਂ ਦੇ ਦਰਸ਼ਨਿਕ ਪੱਖਾਂ ਦਾ ਗੂੜ੍ਹਾ ਗਿਆਨ ਹਾਸਿਲ ਕਰਾਉਂਦੇ ਹੋਏ ਬ੍ਰਿਜ, ਸੰਸਕ੍ਰਿਤ, ਫਾਰਸੀ ਤੇ ਪੰਜਾਬੀ ਆਦਿ ਭਾਸ਼ਾਵਾਂ ਵਿੱਚ ਪ੍ਰਬੀਨ ਕਰ ਦਿੱਤਾ। ਬਾਬਾ ਬੁੱਢਾ ਜੀ ਦਾ ਆਪ ਨੂੰ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਿੱਚ ਨਿਪੁੰਨ ਕਰਨ ਵਿੱਚ ਵੀ ਯੋਗਦਾਨ ਹੈ, ਜਿਸ ਕਾਰਨ ਬਚਪਨ ਤੋਂ ਹੀ ਆਪ ਕੋਮਲਤਾ, ਦਇਆ ਤੇ ਨਿਮਰਤਾ ਦੇ ਗੁਣਾਂ ਵਿੱਚ ਸੰਮਿਲਤ ਸਨ। ਉੱਥੇ ਹੀ ਜ਼ੁਲਮ ਨਾਲ ਟੱਕਰ ਲੈਣ ਦੀ ਹਿੰਮਤ ਅਤੇ ਦ੍ਰਿੜ੍ਹਤਾ ਆਪ ਦੇ ਮੀਰੀ ਗੁਣਾਂ ਵਿੱਚ ਸ਼ਾਮਿਲ ਸੀ। 14 ਸਾਲਾਂ ਦੀ ਉਮਰ ਵਿੱਚ ਕਰਤਾਰਪੁਰ ਦੇ ਯੁੱਧ ਵਿੱਚ ਦਿਖਾਈ ਦ੍ਰਿੜ੍ਹਤਾ ਤੇ ਬਹਾਦਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਆਪ ਜੀ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ਼ ਬਹਾਦਰ ਰੱਖ ਦਿੱਤਾ।

1635 ਈ. ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਰਿਵਾਰ ਅਤੇ ਸਿੱਖ ਸੰਗਤ ਸਮੇਤ ਸ਼ਿਵਾਲਿਕ ਪਹਾੜੀਆਂ ਦੇ ਵਿੱਚ ਵਸੇ ਨਗਰ ਕੀਰਤਪੁਰ ਜਾ ਵਸੇ। ਇਸ ਨਗਰ ਦੀ ਨੀਂਹ ਮਹਾਨ ਕੋਸ਼ ਅਨੁਸਾਰ:


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

"1 ਮਈ 1626 ਨੂੰ ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਨੇ ਰਿਆਸਤ ਕਹਿਲੂਰ ਦੇ ਰਾਜਾ

ਤਾਰਾ ਚੰਦ ਤੋਂ ਜ਼ਮੀਨ ਖਰੀਦ ਕੇ ਬਾਬਾ

ਗੁਰਦਿੱਤਾ ਜੀ ਦੀ ਮਾਰਫ਼ਤ ਰਖਵਾਈ ਸੀ।"2

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਗੁਰਦਿੱਤ ਜੀ ਦੇ ਛੋਟੇ ਪੁੱਤਰ ਹਰਿ ਰਾਇ ਜੀ ਨੂੰ ਗੁਰਗੱਦੀ ਦਾ ਵਾਰਿਸ ਬਣਾਇਆ। 1645 ਈ. ਵਿੱਚ ਗੁਰੂ ਹਰਿਗੋਬਿੰਦ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਤੇਗ ਬਹਾਦਰ ਜੀ ਆਪਣੇ ਮਾਤਾ ਨਾਨਕੀ ਜੀ ਅਤੇ ਪਤਨੀ ਗੁਜਰੀ ਜੀ ਨੂੰ ਨਾਲ ਲੈ ਕੇ ਆਪਣੇ ਨਾਨਕੇ 'ਬਕਾਲੇ' ਆ ਗਏ। ਬਕਾਲਾ ਪੁਰਾਣਾ ਨਗਰ, ਜੋ ਸਭਿਆਚਾਰਕ ਤੇ ਵਪਾਰਕ ਕੇਂਦਰ ਵੀ ਰਿਹਾ। ਭਾਈ ਕੇਸਰ ਸਿੰਘ ਛਿੱਬਰ ਦੇ ਲਿਖਣ ਅਨੁਸਾਰ "ਦਰਿਆ ਬਿਆਸ ਉਦੋ ਇਸ ਦੇ ਪਾਸ ਦੀ ਲੰਘਦਾ ਸੀ ਜੋ ਪਿੱਛੋਂ ਆਪਣਾ ਰੁਖ ਬਦਲ ਲਿਆ।"

ਬਿਆਸ ਨਦੀ ਉਪਰ ਥੇ ਥਾਉਂ

ਬਕਾਲਾ ਅਤੇ ਬਟਾਲਾ ਦੋਹਾ ਦੇ ਨਾਉਂ।"3

ਸ੍ਰੀ ਗੁਰੂ ਹਰਿ ਰਾਏ ਜੀ 1661 ਈ. ਵਿੱਚ ਜੋਤੀ-ਜੋਤ ਸਮਾ ਗਏ ਅਤੇ ਗੁਰਗੱਦੀ ਉੱਪਰ ਅੱਠਵੇਂ ਗੁਰੂ ਦੇ ਰੂਪ ਵਿੱਚ ਹਰਿਕ੍ਰਿਸ਼ਨ ਜੀ ਸਸ਼ੋਭਿਤ ਹੋਏ, ਜਿਨ੍ਹਾਂ ਦੀ ਉਮਰ ਉਸ ਸਮੇਂ 5 ਸਾਲ ਦੀ ਸੀ। ਗੁਰੂ ਹਰਿਕ੍ਰਿਸ਼ਨ ਜੀ 1664 ਈ. ਵਿੱਚ ਜੋਤੀ-ਜੋਤ ਸਮਾਉਣ ਤੋਂ ਪਹਿਲਾ 'ਬਾਬੇ ਬਕਾਲੇ' ਦਾ ਇਲਾਹੀ ਫੁਰਮਾਨ ਕਰਦੇ ਹੋਏ ਜੋਤੀ-ਜੋਤ ਸਮਾ ਗਏ। ਬਕਾਲੇ ਜਾ ਕੇ ਗੁਰੂ ਦੀ ਭਾਲ ਕਰਨਾ ਸੁਖਾਲਾ ਕੰਮ ਨਹੀਂ ਸੀ। ਸਿੱਖ ਬਹੁਤ ਦੁਬਿਧਾ ਵਿੱਚ ਸਨ। ਹੱਕ-ਸੱਚ ਦਾ ਫੈਸਲਾ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਹੋਇਆ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੌਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ 15 ਰਾਗਾਂ ਵਿੱਚ 57 ਸ਼ਲੋਕ ਅਤੇ 59 ਸ਼ਬਦਾਂ ਦੀ ਰਚਨਾ ਕੀਤੀ।

1675 ਈ. ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਕਸ਼ਮੀਰੀ ਪੰਡਤਾਂ ਦਾ ਕਾਫ਼ਲਾ (ਵਫ਼ਦ) ਆਨੰਦਪੁਰ ਸਾਹਿਬ ਦੀ ਧਰਤੀ ਤੇ ਆਣ ਪਹੁੰਚਿਆ। ਕਸ਼ਮੀਰ ਹਿੰਦੂ ਵਿਦਵਤਾ ਦਾ ਸਰਬਉੱਚ ਕੇਂਦਰ ਸੀ ਤੇ ਕਸ਼ਮੀਰੀ ਪੰਡਤ ਆਪਣੀ ਵਿਦਵਤਾ ਕਾਰਨ ਉੱਤਰੀ ਭਾਰਤ ਦੇ ਹਿੰਦੂਆਂ ਵਿੱਚ ਬਹੁਤ ਉੱਚਾ ਸਥਾਨ ਰੱਖਦੇ ਸਨ।

ਉਸ ਵੇਲੇ ਕਸ਼ਮੀਰ ਦਾ ਸੂਬੇਦਾਰ ਸ਼ੈਫ਼ਖਾਨ ਸੀ, ਜੋ ਦਰਵੇਸ ਸੁਭਾਅ ਦਾ ਮਾਲਕ ਸੀ। ਹਿੰਦੂ ਅਤੇ ਮੁਸਲਮਾਨ ਵਿੱਚ ਫਰਕ ਕਰਨਾ ਉਸਦੀ ਮਾਨਸਿਕਤਾ ਦਾ ਹਿੱਸਾ ਨਹੀਂ ਸੀ। ਕੁਝ ਕਸ਼ਮੀਰੀ ਪਰਜਾ ਉਸਦਾ ਸਤਿਕਾਰ ਕਰਦੀ ਸੀ। ਪਰ ਔਰੰਗਜ਼ੇਬ ਉਸ ਦੇ ਨਿਮਰ ਸੁਭਾਅ ਅਤੇ ਹਿੰਦੂਆਂ ਪ੍ਰਤੀ ਦਿਖਾਈ ਜਾਂਦੀ ਦਿਆਲਤਾ ਕਰਕੇ ਉਸਨੂੰ ਬਹੁਤ ਨਫ਼ਰਤ ਕਰਦਾ ਸੀ। 1671 ਈ. ਨੂੰ ਔਰੰਗਜ਼ੇਬ ਨੇ ਸ਼ੈਫ਼ਖਾਨ ਨੂੰ ਸੂਬੇਦਾਰੀ ਤੋਂ ਹਟਾ ਕੇ ਇਫ਼ਤਖਾਰਖਾਨ ਨੂੰ 'ਸ਼ੇਰ ਅਫ਼ਗਾਨ' ਦੀ ਉਪਾਧੀ ਦੇ ਕੇ ਕਸ਼ਮੀਰ ਦਾ ਸੂਬੇਦਾਰ ਬਣਾਇਆ ਸੀ।

ਉਸਨੇ ਦਮਨਕਾਰੀ ਚੱਕਰ ਚਲਾਇਆ, ਸਖ਼ਤੀ ਦਾ ਅਜਿਹਾ ਦੌਰ ਚੱਲਿਆ ਕਿ ਹਜ਼ਾਰਾਂ ਹੀ ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਦਿੱਤਾ ਗਿਆ। ਇਸ ਨਾਲ ਪੂਰੇ ਕਸ਼ਮੀਰ ਵਿੱਚ ਹਾਹਾਕਾਰ ਮਚ ਗਈ। ਬੇਬਸੀ ਦੇ ਆਲਮ ਵਿੱਚ ਕੋਈ ਰਾਹ ਨਜ਼ਰ ਨਾ ਆਇਆ ਅਤੇ ਕੁਝ ਹਿੰਦੂਆਂ ਦੇ ਪ੍ਰਤੀਨਿੱਧ ਨਾਨਕ ਪਾਤਸ਼ਾਹ ਦੇ ਸ਼ਰਧਾਲੂ ਸਿੱਖ ਬ੍ਰਹਮ ਦਾਸ ਦੇ ਪੜਪੋਤਰੇ ਕਿਰਪਾ ਰਾਮ ਜੀ ਦੀ ਸ਼ਰਨ ਵਿੱਚ ਜਾ ਪਹੁੰਚੇ। ਉਸਨੇ ਮੁਕਤੀ ਦੇ ਇੱਕੋ ਇੱਕ ਰਾਹ ਨਾਨਕ ਦਰਬਾਰ ਵੱਲ ਇਸ਼ਾਰਾ ਕੀਤਾ। ਉਸਦੀ ਨਿਗਾਹਬਾਨੀ ਹੇਠ ਹੀ 16 ਮੈਂਬਰ ਵਫ਼ਦ ਨੇ ਆਨੰਦਪੁਰ ਦੀ ਧਰਤੀ ਤੇ ਗੁਰੂ ਪਾਤਸ਼ਾਹ ਨੂੰ ਨਮਸਕਾਰ ਕਰਕੇ ਕਸ਼ਮੀਰ ਦੇ ਹਾਲਾਤਾਂ ਨੂੰ ਗੁਰੂ ਜੀ ਸਾਹਮਣੇ ਬਿਆਨ ਕੀਤਾ। ਇਸ ਮੁਲਾਕਾਤ ਨੂੰ ਭੱਟ ਵਹੀ ਮੁਲਤਾਨੀ ਸਿੰਧੀ ਨੇ ਇਸ ਤਰ੍ਹਾਂ ਰੂਪਮਾਨ ਕੀਤਾ:-

"ਭਾਈ ਕ੍ਰਿਪਾ ਰਾਮ ਬੇਟਾ ਅੜੂਰਾਮ ਕਾ,

ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ,

ਬੰਸ ਠਾਕਰ ਕਾ, ਦਤ ਗੋਤਰਾ,

ਮੜਾਲ ਬ੍ਰਾਹਮਣ ਵਾਸੀ ਮਟਨ ਦੇਸ਼ ਕਸ਼ਮੀਰ

ਸੰਮਤ ਸਤਰਾਂ ਸੈ ਬਤੀਸ, ਜੇਠ ਮਾਸੇ ਸੁਦੀ ਇਕਾਦਸ਼ੀ ਕੇ,

ਇਹ ਖੋੜਸ ਬ੍ਰਾਹਮਣੋ ਗੈਲ ਦਰਬਾਰ ਆਹਿ ਫਰਿਆਦੀ ਹੋਇਆ।

ਗੁਰੂ ਜੀ ਨੇ ਧੀਰਜ ਦਈ,

ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।"4


© Copyright @ Authors

ਬ੍ਰਾਹਮਣ ਦੀ ਫਰਿਆਦ ਸੁਣ ਕੇ ਸਾਰੇ ਗੰਭੀਰ ਵਿਚਾਰਾਂ ਵਿੱਚ ਲੀਨ ਸਨ। ਉਸ ਸਮੇਂ ਬਾਲ ਗੋਬਿੰਦ ਰਾਏ ਨੇ ਗੰਭੀਰ ਬੈਠੀ ਸੰਗਤ ਨੂੰ ਵੇਖ ਕੇ ਹੈਰਾਨ ਹੋ ਗਏ ਤੇ ਗੁਰੂ ਪਿਤਾ ਜੀ ਕੋਲੋ ਸੰਜੀਦਗੀ ਦਾ ਕਾਰਨ ਪੁੱਛਿਆ। ਗੁਰੂ ਪਿਤਾ ਨੇ ਕਸ਼ਮੀਰੀ ਪੰਡਤਾਂ ਦੀ ਵਿਥਿਆ ਸੁਣ ਕੇ ਇਹ ਬਚਨ ਕੀਤਾ ਕਿ ਬਚਾਅ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਲਾਜ਼ਮੀ ਹੈ। ਬਾਲ ਗੋਬਿੰਦ ਜੀ ਨੇ ਗੁਰੂ ਪਿਤਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਆਪ  ਤੋਂ ਵੱਧ ਯੋਗ ਮਹਾਂਪੁਰਖ ਕੌਣ ਹੋ ਸਕਦਾ ਹੈ। ਗੁਰੂ ਸਾਹਿਬ ਪ੍ਰਸੰਨ ਹੋਏ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਸੂਬੇਦਾਰ ਨੂੰ ਕਹਿ ਦੇਣ ਕਿ ਉਹ ਧਰਮ ਛੱਡਣ ਲਈ ਤਿਆਰ ਹਨ, ਪਰ ਇੱਕ ਸ਼ਰਤ ਹੈ ਕਿ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲਣ ਲਈ ਮਨਾ ਲਿਆ ਜਾਵੇ। ਕਸ਼ਮੀਰੀ ਪੰਡਤਾਂ ਤੇ ਗੁਰੂ ਸਾਹਿਬ ਦਾ ਸੁਨੇਹਾ ਔਰੰਗਜ਼ੇਬ ਕੋਲ ਪਹੁੰਚਾ ਦਿੱਤਾ, ਜੋ ਉਸ ਵੇਲੇ ਹਸਨ ਅਬਦਾਲ ਵਿੱਚ ਸੀ। ਬਾਦਸ਼ਾਹ ਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ।

"ਤੇਗ ਬਹਾਦਰ ਰਾ ਗ੍ਰਿਫ਼ਤਾਰ, ਮੁਕਯਦ ਉ ਮਹਿਬੂਸ ਦਰੰਦ"5

ਗੁਰੂ ਸਾਹਿਬ ਨੇ ਇੱਧਰ ਸ਼ਹਾਦਤ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਅਤੇ ਦਿੱਲੀ ਵੱਲ ਚਾਲੇ ਪਾ ਦਿੱਤੇ, ਪਰ ਅਜੇ ਉਹ ਰੋਪੜ ਦੇ ਇੱਕ ਪਿੰਡ ਮਲਕਪੁਰ ਰੰਘੜਾਂ ਵਿੱਚ ਹੀ ਸਨ ਕਿ ਗੁਪਤਚਾਰਾਂ ਦੀ ਰਿਪੋਰਟ ਤੇ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰੀ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸਿੱਖਾਂ ਸਮੇਤ ਲੰਮਾ ਸਮਾਂ ਸਰਹਿੰਦ ਵਿਖੇ ਕੈਦ ਰੱਖਿਆ ਗਿਆ। ਮੁਗਲ ਬਾਦਸ਼ਾਹ ਦਾ ਅਗਲਾ ਹੁਕਮ ਅਜੇ ਆਉਣਾ ਬਾਕੀ ਸੀ। ਹੁਕਮ ਮਿਲਣ ਸਾਰ ਹੀ 5 ਨਵੰਬਰ, 1675 ਈ. ਨੂੰ ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਦਿੱਲੀ ਭੇਜ ਦਿੱਤਾ ਗਿਆ। ਦਿੱਲੀ ਦੇ ਨਾਜ਼ਿਮ ਨੇ ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ:-

1. ਕੋਈ ਕਰਾਮਾਤ ਦਿਖਾਓ।
2. ਇਸਲਾਮ ਕਬੂਲ ਕਰੋ।
3. ਮਰਨ ਲਈ ਤਿਆਰ ਰਹੋ।

ਗੁਰੂ ਜੀ 'ਤੇ ਕਾਜ਼ੀ ਤੇ ਨਾਜ਼ਿਮ ਦੀ ਕੋਈ ਆਜਮਾਇਸ਼ ਕੰਮ ਨਾ ਆਈ। ਆਪ ਨੂੰ ਕੋਤਵਾਲੀ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਤੇ ਤਸ਼ੱਦਦ ਕੀਤਾ, ਪਰ ਗੁਰੂ ਸਾਹਿਬ ਦੀ ਅਡੋਲਤਾ ਅਤੇ ਦ੍ਰਿੜ੍ਹਤਾ ਸਾਹਮਣੇ ਉਨ੍ਹਾਂ ਦੀ ਪੇਸ਼ ਨਾ ਗਈ। ਗੁਰੂ ਸਾਹਿਬ ਨੇ ਕਾਜ਼ੀ ਨੂੰ ਕਿਹਾ:-

"ਯਾਦ ਰੱਖ ਰੱਬ ਸਭ ਦਾ ਸਾਂਝਾ ਹੈ, ਕਿਆ ਰਾਜਾ ਕਿਆ ਰੰਕ,

ਉਹ ਕਿਸੇ ਇੱਕ ਫ਼ਿਰਕੇ ਕਾ ਨਹੀਂ।

ਉਹ ਸਾਚੇ ਸਾਹਿਬ ਕੋ ਕੋਈ ਐਸਾ ਦੀਨ ਹਰਗਿਜ਼ ਮਨਜ਼ੂਰ ਨਹੀਂ ਹੋਤਾ

ਜੋ ਤਲਵਾਰ ਕੇ ਜੋਰ ਸੇ ਫੈਲਾਇਆ ਜਾਵੇ।

ਯਾਦ ਰੱਖ, ਆਖਰ ਸਚ ਕੀ ਜੈ ਹੋਏਗੀ,

ਕੁਫ਼ਰ ਕਾ ਭਾਂਡਾ ਚੁਰਸਤੇ ਮੇ ਫੁਟੇਗਾ।"6

ਗੁਰੂ ਸਾਹਿਬ ਦੀ ਨਿਡਰਤਾ ਨੂੰ ਪ੍ਰੇਸ਼ਾਨ ਕਰਨ ਲਈ ਤਿੰਨ ਸਾਥੀਆਂ ਨੂੰ ਸਖ਼ਤ ਤਸੀਹੇ ਤੇ ਸ਼ਹਾਦਤ ਜਾਮ ਪਿਲਾ ਦਿੱਤਾ ਗਿਆ। ਅਖੀਰ ਸ਼ਾਹੀ ਜੱਲਾਦ ਨੂੰ ਹੁਕਮ ਦਿੱਤਾ ਗਿਆ। ਗੁਰੂ ਸਾਹਿਬ ਦਾ ਪਾਵਨ ਸੀਸ, ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧੜ ਤੋਂ ਅਲੱਗ ਕਰ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬਲੀਦਾਨ ਦਾ ਜ਼ਿਕਰ ਬਚਿੱਤਰ ਨਾਟਕ ਵਿੱਚ ਇੰਝ ਕੀਤਾ ਹੈ:-

ਠੀਕਰ ਫੋਰ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥

ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨਿ॥

ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।7

ਸਿੱਖਾਂ ਲਈ ਇਹ ਸ਼ਹੀਦੀ ਹੋ ਨਿਬੜੀ। ਗੁਰੂ ਸਾਹਿਬ ਦੀ ਨਿਰਭੈਤਾਂ ਸਿੱਖਾਂ ਲਈ ਦੈਵੀ ਗੁਣ ਬਣ ਗਿਆ। ਜਿਸ ਰਾਹ ਤੇ ਗੁਰੂ ਆਪ ਤੁਰੇ ਹਨ, ਉਸ ਰਾਹ ਤੇ ਤੁਰਨੋ ਸਿੱਖ ਕਿਉਂ ਝਿਜਕੇ। ਹੁਣ ਡਰ ਦੀ ਥਾਂ ਸ਼ਹੀਦੀਆਂ ਦਾ ਚਾਉ ਸਿੱਖਾਂ ਨੂੰ ਚੜ੍ਹਨ ਲੱਗਾ। ਸਿੱਖਾਂ ਦੇ ਮਨ ਵਿੱਚ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਇਹ ਭਾਵਨਾ ਸੀ ਕਿ ਮੁਗਲ ਹਾਕਮ ਆਪਣੇ ਕੀਤੇ ਤੇ ਪਛਤਾਵਾਂ ਕਰਦੇ ਹੋਏ ਅੱਗੇ ਤੋਂ ਅਜਿਹਾ ਗੁਨਾਹ ਕਰਨ ਤੋਂ ਤੋਬਾ ਕਰ ਲੈਣਗੇ। ਪਰ ਨੌਵੇਂ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਹੁਕਮਰਾਨ ਧਿਰ ਅਤੇ ਨਾਨਕ ਚਿੰਤਨ ਦੇ ਅਨੁਯਾਈਆਂ ਵਿੱਚ ਲਕੀਰ ਖਿੱਚੀ ਗਈ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

**ਹਵਾਲੇ**

1. ਕਿਰਨਦੀਪ ਕੌਰ ਡਾ., ਸ੍ਰੀ ਗੁਰੁ ਤੇਗ਼ ਬਹਾਦਰ ਜੀ: ਜੀਵਨ, ਬਾਣੀ ਅਤੇ ਸ਼ਹਾਦਤ ਪੰਨਾ ਨੰ. 5
2. ਸੇਵਾ ਸਿੰਘ ਕੌੜਾ ਪ੍ਰਿੰ., ਗੁਰੂ ਤੇਗ਼ ਬਹਾਦਰ ਜੀ: ਸਖ਼ਸੀਅਤ, ਸਫ਼ਰ, ਸੰਦੇਸ਼ ਤੇ ਸ਼ਹਾਦਤ ਪੰਨਾ ਨੰ. 32
3. ਉਹੀ, ਪੰਨਾ ਨੰ. 44
4. ਕਿਰਨਦੀਪ ਕੌਰ ਡਾ., ਸ੍ਰੀ ਗੁਰੁ ਤੇਗ਼ ਬਹਾਦਰ ਜੀ: ਜੀਵਨ, ਬਾਣੀ ਅਤੇ ਸ਼ਹਾਦਤ ਪੰਨਾ ਨੰ. 143, 144
5. ਉਹੀ, ਪੰਨਾ ਨੰ. 144
6. ਉਹੀ, ਪੰਨਾ ਨੰ. 146
7. ਸੇਵਾ ਸਿੰਘ ਕੌੜਾ ਪ੍ਰਿੰ., ਗੁਰੂ ਤੇਗ਼ ਬਹਾਦਰ ਸਖ਼ਸੀਅਤ, ਸਫ਼ਰ, ਸੰਦੇਸ਼ ਤੇ ਸ਼ਹਾਦਤ, ਪੰਨਾ ਨੰ. 257


© Copyright @ Authors